MINISTRY USE ONLY

MINISTRY USE ONLY

Place Personal Education Number (PEN) here.

Place Personal Education Number (PEN) here.

MINISTRY USE ONLY

BRITISH COLUMBIA

© 2003 Ministry of Education

# Punjabi 12

## JUNE 2003

## Course Code = PUN

### Student Instructions

1. Place the stickers with your Personal Education Number (PEN) in the allotted spaces above. **Under no circumstance is your name or identification, other than your Personal Education Number, to appear on this booklet.**
2. Ensure that in addition to this examination booklet, you have an **Examination Response Form**. Follow the directions on the front of the Response Form.
3. **Disqualification** from the examination will result if you bring books, paper, notes or unauthorized electronic devices into the examination room.
4. When instructed to open this booklet, **check the numbering of the pages** to ensure that they are numbered in sequence from page one to the last page, which is identified by

   **END OF EXAMINATION** .
5. At the end of the examination, place your Response Form inside the front cover of this booklet and return the booklet and your Response Form to the supervisor.

Question 1:

1. [ ][ ] . [ ]

(10)

Question 2:

2. [ ] . [ ]

(5)

Question 3:

3. [ ] . [ ]

(5)

Question 4:

4. [ ] . [ ]

(5)

Question 5:

5. [ ] . [ ]

(5)

Question 6:

6. [ ][ ] . [ ]

(10)

Question 7:

7. [ ][ ] . [ ]

(10)

Question 8:

8. [ ][ ] . [ ]

(10)

# Punjabi 12

# JUNE 2003

## Course Code = PUN

# GENERAL INSTRUCTIONS

1. Electronic devices, including dictionaries and pagers, are **not** permitted in the examination room.

2. All multiple-choice answers must be entered on the Response Form using an **HB pencil**. Multiple-choice answers entered in this examination booklet will **not** be marked.

   There is a number on the Response Form for each multiple-choice question in this examination booklet. When you answer each question, make sure that the number on the Response Form is the same as the number in this examination booklet.

3. For each of the written-response questions, write your answer in **ink** in the space provided in this booklet.

4. Ensure that you use language and content appropriate to the purpose and audience of this examination. Failure to comply may result in your paper being awarded a zero.

5. This examination is designed to be completed in **two hours**. *Students may, however, take up to 30 minutes of additional time to finish*.

# PUNJABI 12 PROVINCIAL EXAMINATION

This examination consists of **four** parts:

| | | **Value** | **Suggested Time** |
|---|---|---|---|
| PART A: | Interpersonal Communication – Language Elements | | |
| | Section 1: Language Elements A | 10 | 5 |
| | Section 2: Language Elements B | 10 | 10 |
| PART B: | Creative Written Works | | |
| | Section 3: Fiction (Prose) | 10 | 20 |
| | Section 4: Fiction (Drama) | 10 | 15 |
| PART C: | Informational Communication | | |
| | Section 5: Non-Fiction (Journalistic Prose) | 10 | 20 |
| | Section 6: Non-Fiction (Authentic Document) | 10 | 20 |
| PART D: | Interpersonal Communication – Written Expression | | |
| | Section 7: Dialogue Completion | 10 | 10 |
| | Section 8: Letter | 10 | 10 |
| | Section 9: Map Directions | 10 | 10 |
| | **Total:** | **90 marks** | **120 minutes** |

**THIS PAGE INTENTIONALLY BLANK**

## PART A: INTERPERSONAL COMMUNICATION – LANGUAGE ELEMENTS

## SECTION 1: LANGUAGE ELEMENTS A

**Value: 10 marks** **Suggested Time: 5 minutes**

| | |
|---|---|
| **INSTRUCTIONS:** | For questions 1 to 10, select the answer that **best** completes the sentence and record your choice on the Response Form provided. Using an HB pencil, completely fill in the circle that has the letter corresponding to your answer. |

1. ਖੇਡ ਦੇ ਮੈਦਾਨ ਵਿੱਚ ਦੋ ਮੁੰਡੇ ___________ ਚਾਰ ਕੁੜੀਆਂ ਸਨ ।

   A. ਨੂੰ
   B. ਅਤੇ
   C. ਉੱਤੇ
   D. ਫ਼ਿਰ

2. ਛੁੱਟੀ ਤੋਂ ਬਾਅਦ ਤੂੰ ___________ ਮੇਰੇ ਘਰ ਆ ਜਾਵੀਂ ।

   A. ਨਾਲ
   B. ਸਿੱਧੇ
   C. ਸਿੱਧਾ
   D. ਇਕੱਲੀਆਂ

3. ਸੁਰਿੰਦਰ ਨੂੰ ਚੰਗੇ ਕਲਮ ਇਕੱਠੇ ਕਰਨ ਦਾ ਬਹੁਤ ਸ਼ੌਕ ___________ ।

   A. ਹੈ
   B. ਹਾਂ
   C. ਹਨ
   D. ਸਨ

4. ___________ ਆਪਣੇ ਵਾਲ ਰੰਗਣਾ ਚਾਹੁੰਦਾ ਹਾਂ ।

   A. ਮੈਂ
   B. ਮੇਰਾ
   C. ਮੈਨੂੰ
   D. ਮੇਰੀ

**OVER**

5. ਇਹ ਉਹ ਕਿਤਾਬ ਹੈ __________ ਪਿਤਾ ਜੀ ਨੇ ਖਰੀਦੀ ਸੀ।

A. ਜਿਸਦਾ
B. ਕਿਹੜੀ
C. ਜਿਹੜੀ
D. ਜਿਸਨੂੰ

6. ਤੁਸੀਂ __________ ਐਨੀ ਦੇਰ ਤੱਕ ਇੱਥੇ ਕੀ ਕਰ ਰਹੇ ਹੋ ?

A. ਕੱਲ੍ਹ
B. ਅੱਜ
C. ਉਦੋਂ
D. ਪਰਸੋਂ

7. ਤੂੰ ਉਦਾਸ ਨਾ ਹੋ, ਸਭ ਕੁੱਝ ਠੀਕ ਹੋ __________ ।

A. ਗਈ
B. ਜਾਂਦਾ
C. ਜਾਵੇਗਾ
D. ਜਾਵੇਗੀ

8. ਮੈਨੂੰ ਬਹੁਤ __________ ਲੱਗ ਰਹੀ ਹੈ।

A. ਦੁੱਪ
B. ਤੁੱਬ
C. ਧੁੱਪ
D. ਥੁੱਪ

9. ਮੈਂ ਅੱਜ ਜਸਵੀਰ ਸਿੰਘ ਨੂੰ __________ ।

A. ਮਿਲੇ
B. ਮਿਲਿਆ
C. ਮਿਲਾਂਗੇ
D. ਮਲਾਇਆ

10. ਰਾਮ ਤਾਂ ਸੇਬ ਖਾਂਦਾ ਹੈ __________ ਉਸਦਾ ਭਰਾ ਸੇਬ ਨਹੀਂ ਖਾਂਦਾ।

A. ਪਰ
B. ਕਦੋਂ
C. ਫ਼ਿਰ
D. ਕਿਉਂ

## SECTION 2: LANGUAGE ELEMENTS B

**Value: 10 marks** **Suggested Time: 10 minutes**

**INSTRUCTIONS:** Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses.

# ਗਰਮੀ ਦਾ ਦਿਨ

ਪਿਛਲੇ ਸਾਲ ਮੈਂ ਪੰਜਾਬ ਗਿਆ ਹੋਇਆ ਸਾਂ। ਪੰਜਾਬ ਵਿੱਚ ਜੂਨ-ਜੁਲਾਈ ਦੇ ਮਹੀਨੇ ਸਖ਼ਤ ਗਰਮੀ ਪੈਂਦੀ ਹੈ ਪਰ ਕਿਸੇ-ਕਿਸੇ ਦਿਨ ਗਰਮੀ ਦੀ ਅੱਤ (extreme) ਹੋ ਜਾਂਦੀ ਹੈ। ਇੱਕ ਦਿਨ ਮੈਂ ਸਵੇਰੇ ਪੰਜ ਵਜੇ ਉੱਠਿਆ ਤਾਂ ____________ (1a) ਗਰਮੀ ਸੀ। ਮੈਂ ਪੱਖਾ ਲਗਾ ਕੇ ਅਖ਼ਬਾਰ ਦੀ ____________ (1b) ਕਰਨ ਲੱਗਾ। ਅਖ਼ਬਾਰ ਆਈ ਤਾਂ ਦੇਖਿਆ ਉਸ ਦੇ ਪਹਿਲੇ ਸਫ਼ੇ ਤੇ ਹੀ ਵੱਡੀ ਸੁਰਖੀ (headline) ਸੀ: 'ਪੰਜਾਬ ਵਿੱਚ ____________ (1c) ਵੱਧ ਰਹੀ ਗਰਮੀ।' ਇੰਨੇ ਚਿਰ ਨੂੰ ਬਿਜਲੀ ਬੰਦ ਹੋਣ ਕਾਰਨ ਪੱਖਾ ਬੰਦ ਹੋ ਗਿਆ। ਮੈਂ ____________ (1d) ਨਾਲ ਭਿੱਜਣ ਲੱਗਾ। ਮੈਂ ਜਲਦੀ ਨਾਲ ਠੰਡੇ ਪਾਣੀ ਨਾਲ ਨਹਾਤਾ। ਇਸ ਨਾਲ ਸਰੀਰ ਨੂੰ ____________ (1e) ਪੈ ਗਈ। ਥੋਹੜੀ ਦੇਰ ਬਾਅਦ ਮੰਮੀ ਜੀ ਨੇ ਮੇਜ਼ ਤੇ ____________ (1f) ਰੱਖਿਆ। ਮੰਮੀ ਜੀ ਵੀ ਪਸੀਨੇ ਨਾਲ ਭਿੱਜੇ ਹੋਏ ਸਨ ਕਿਉਂਕਿ ਉਹ ____________ (1g) ਕੋਲ ਬੈਠ ਕੇ ਪਰੌਂਠੇ ਬਣਾ ਕੇ ਆਏ ਸਨ। ਉਹ ਪੱਖੇ ਥੱਲੇ ਬੈਠਣ ਆਏ ਸਨ ਪਰ ਪੱਖਾ ਚੱਲ ਨਹੀਂ ਸੀ ਰਿਹਾ। ਜਿਉਂ-ਜਿਉਂ ਸੂਰਜ ਉੱਪਰ ਆਇਆ, ਗਰਮੀ ਵਧੀ, ਸੜਕਾਂ ਤੇ ਲੋਕਾਂ ਦੀ ਆਵਾਜਾਈ ਬਹੁਤ ਹੀ ____________ (1h) ਹੋ ਗਈ। ਲੋਕੀ ਘਰਾਂ ਵਿੱਚ ਆਰਾਮ ਕਰਨ ਲਈ ਠਹਿਰ ਗਏ ਸਨ। ਸੜਕਾਂ ਤੇ ਸਿਰਫ਼ ਸ਼ਕੰਜਵੀ, ਆਈਸ ਕਰੀਮ, ਬਰਫ਼ ਦੇ ਗੋਲੇ ਆਦਿ ਠੰਡੀਆਂ ਚੀਜ਼ਾਂ ਵੇਚਣ ਵਾਲਿਆਂ ਦੀਆਂ ਅਵਾਜ਼ਾਂ ਆ ਰਹੀਆਂ ਸਨ। ਗਰਮੀ ਵਿੱਚ ____________ (1i) ਵੀ ਇਹਨੀ ਲਗਦੀ ਸੀ ਕਿ ਪਾਣੀ ਪੀ-ਪੀ ਕੇ ਮਿੱਟ ਹੀ ਨਹੀਂ ਸੀ ਰਹੀ। ਪੰਜ ਕੁ ਵਜੇ, ਸ਼ਾਮ ਹੋਣ ਨਾਲ, ____________ (1j) ਕੁਝ ਘਟਣ ਲੱਗੀ। ਮੱਠੀ-ਮੱਠੀ ਹਵਾ ਚਲਣ ਨਾਲ ਸਾਹ ਕੁਝ ਸੌਖਾ ਆਉਣ ਲੱਗ ਪਿਆ। ਸਾਰਿਆਂ ਦੇ ਮੂੰਹ ਤੇ ਰੌਣਕ ਆ ਗਈ।

OVER

**PART B: CREATIVE WRITTEN WORKS**

**SECTION 3: FICTION (PROSE)**

**Value: 10 marks** **Suggested Time: 20 minutes**

| | |
|---|---|
| **INSTRUCTIONS:** | Read the following passage carefully. For questions 11 to 15, select the **best** answer and record your choice on the Response Form provided. |

## ਘੋੜਾ ਆਦਮੀ ਦਾ ਗੁਲਾਮ

ਬਹੁਤ ਪੁਰਾਣੀ ਗੱਲ ਹੈ ਕਿ ਕਿਸੇ ਜੰਗਲ ਵਿੱਚ ਜਾਨਵਰ ਅਤੇ ਪੰਛੀ ਰਹਿ ਰਹੇ ਸਨ। ਇੱਕ ਦਿਨ ਪਸ਼ੂ ਪੰਛੀਆਂ ਵਿੱਚ ਕਿਸੇ ਗੱਲ ਤੋਂ ਲੜਾਈ ਸ਼ੁਰੂ ਹੋ ਗਈ। ਜੰਗਲ ਦੇ ਕੁਝ ਵੱਡੇ ਜਾਨਵਰਾਂ ਨੇ ਅੱਗੇ ਆ ਕੇ ਕੁਝ ਦੇਰ ਲਈ ਝਗੜਾ ਬੰਦ ਕਰਵਾਇਆ। ਫ਼ਿਰ ਸਾਰੇ ਜਾਨਵਰਾਂ ਨੇ ਫ਼ੈਸਲਾ ਕੀਤਾ ਕਿ ਕਿਸੇ ਇੱਕ ਜਾਨਵਰ ਨੂੰ ਸਰਦਾਰ (leader) ਬਣਾ ਲਿਆ ਜਾਵੇ ਅਤੇ ਬਾਕੀ ਸਾਰੇ ਉਸਦੀ ਗੱਲ ਮੰਨਿਆ ਕਰਨ। ਇਸ ਤਰ੍ਹਾਂ ਕਰਨ ਨਾਲ ਲੜਾਈ ਹਮੇਸ਼ਾਂ ਲਈ ਖ਼ਤਮ ਹੋ ਜਾਏਗੀ।

ਹੁਣ ਪ੍ਰਸ਼ਨ ਇਹ ਰਹਿ ਗਿਆ ਕਿ ਸਰਦਾਰ ਕਿਸਨੂੰ ਬਣਾਇਆ ਜਾਏ ? ਹਰ ਜਾਨਵਰ ਸਰਦਾਰ ਬਣਨਾ ਚਾਹੰਦਾ ਸੀ। ਬਘਿਆੜ (wolf) ਨੇ ਅੱਗੇ ਆ ਕੇ ਕਿਹਾ, "ਦੇਖੋ ਭਾਈ, ਸਾਡੇ ਸਾਰੇ ਜਾਨਵਰਾਂ ਵਿੱਚੋਂ ਆਦਮੀ ਸਭ ਤੋਂ ਸਿਆਣਾ ਹੈ ਇਸ ਲਈ ਇਸ ਨੂੰ ਆਪਣਾ ਸਰਦਾਰ ਚੁਣ ਲਿਆ ਜਾਏ। ਫ਼ੇਰ ਪ੍ਰਸ਼ਨ ਇਹ ਉੱਠਿਆ ਕਿ ਆਦਮੀ ਨੂੰ ਜੰਗਲ ਵਿੱਚ ਕਿਵੇਂ ਬੁਲਾਇਆ ਜਾਵੇ। ਹਰੇਕ ਨੇ ਇੱਕ ਦੂਸਰੇ ਨੂੰ ਜਾਣ ਲਈ ਕਿਹਾ ਪਰ ਕੋਈ ਵੀ ਡਰਦਾ ਆਦਮੀ ਕੋਲ ਜਾਣ ਲਈ ਤਿਆਰ ਨਾ ਹੋਇਆ। ਇਸ ਵਕਤ ਘੋੜਾ ਆਪਣੇ ਮਨ ਵਿੱਚ ਸੋਚਣ ਲੱਗਾ, "ਜੇਕਰ ਮੈਂ ਆਦਮੀ ਨੂੰ ਲੈਣ ਚਲਾ ਜਾਵਾਂ ਤਾਂ ਰਸਤੇ ਵਿੱਚ ਉਸਨੂੰ ਸਾਰੀ ਗੱਲ ਸਮਝਾ ਦਿਆਂਗਾ। ਫ਼ਿਰ ਉਹ ਇੱਥੇ ਆ ਕੇ ਮੈਨੂੰ ਹੀ ਸਰਦਾਰ ਚੁਣ ਲਵੇਗਾ। ਇਹ ਸੋਚ ਕੇ ਘੋੜਾ ਬੜੀ ਤੇਜ਼ੀ ਨਾਲ ਆਦਮੀ ਨੂੰ ਲੈਣ ਚਲਾ ਗਿਆ।

ਉਹ ਥੋਹੜੀ ਹੀ ਦੇਰ ਵਿੱਚ ਆਦਮੀ ਕੋਲ ਪਹੁੰਚ ਗਿਆ ਅਤੇ ਉਸਨੂੰ ਸਰਦਾਰ ਚੁਣਨ ਵਾਲੀ ਸਾਰੀ ਕਹਾਣੀ ਸੁਣਾਈ। ਆਦਮੀ ਨੇ ਕਿਹਾ, "ਘੋੜੇ ਭਾਈ, ਮੈਂ ਤਾਂ ਤੇਰੇ ਨਾਲ ਚਲਣ ਲਈ ਤਿਆਰ ਹਾਂ ਪਰ ਮੈਂ ਇੰਨੀ ਦੂਰ ਤੱਕ ਤੁਰ ਨਹੀਂ ਸਕਦਾ।" ਘੋੜੇ ਨੇ ਕੁਝ ਸੋਚ ਕੇ ਕਿਹਾ, "ਤੁਸੀਂ ਇਸਦੀ ਚਿੰਤਾ ਨਾ ਕਰੋ। ਮੇਰੀ ਪਿੱਠ ਤੇ ਸਵਾਰ ਹੋ ਜਾਉ। ਮੈਂ ਥੋੜੀ ਹੀ ਦੇਰ ਵਿੱਚ ਤੁਹਾਨੂੰ ਉੱਥੇ ਪਹੁੰਚਾ ਦਿਆਂਗਾ।" "ਅਰੇ ਭਾਈ, ਤੇਰੇ ਤੇਜ਼ ਦੋੜਨ ਨਾਲ ਮੈਂ ਡਿੱਗ ਪਵਾਂਗਾ। ਨਾ ਭਾਈ ਨਾ, ਮੈਂ ਤੇਰੇ ਨਾਲ ਨਹੀਂ ਜਾ ਸਕਦਾ," ਆਦਮੀ ਨੇ ਕਿਹਾ। "ਡਰੋ ਨਹੀਂ, ਤੁਸੀਂ ਮੇਰੇ ਗਲੇ ਵਿੱਚ ਇੱਕ ਰੱਸੀ ਬੰਨ ਦਿਉ। ਉਸ ਰੱਸੀ ਨੂੰ ਪਕੜ ਕੇ ਆਰਾਮ ਨਾਲ ਮੇਰੀ ਪਿੱਠ ਤੇ ਬੈਠ ਜਾਉ। ਫ਼ਿਰ ਤੁਸੀਂ ਨਹੀਂ ਡਿੱਗੋਗੇ," ਘੋੜੇ ਨੇ ਜਵਾਬ ਦਿੱਤਾ। ਆਦਮੀ ਨੇ ਘੋੜੇ ਦੇ ਗਲੇ ਵਿੱਚ ਰੱਸੀ ਬੰਨੀ ਅਤੇ ਕੁੱਦਕੇ (jumped) ਉਸਦੀ ਪਿੱਠ ਤੇ ਸਵਾਰ ਹੋ ਗਿਆ। ਆਦਮੀ ਨੂੰ ਲੱਗਾ ਕਿ ਘੋੜਾ ਤਾਂ ਸਵਾਰੀ ਦਾ ਬਹੁਤ ਹੀ ਵਧੀਆ ਸਾਧਨ ਹੈ।

ਉਸ ਦਿਨ ਘੋੜਾ ਜਾਨਵਰਾਂ ਦਾ ਸਰਦਾਰ ਤਾਂ ਨਾ ਬਣਿਆ ਪਰ ਆਦਮੀ ਦਾ ਗ਼ੁਲਾਮ ਜ਼ਰੂਰ ਬਣ ਕੇ ਰਹਿ ਗਿਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਘੋੜਾ ਆਦਮੀ ਦਾ ਗ਼ੁਲਾਮ ਬਣਿਆ ਹੋਇਆ ਹੈ।

11. ਪੰਛੀ ਅਤੇ ਜਾਨਵਰ ਕਿੱਥੇ ਰਹਿੰਦੇ ਸਨ ?

A. ਪਿੰਡ
B. ਸ਼ਹਿਰ
C. ਜੰਗਲ
D. ਪਰਦੇਸ

12. ਜਾਨਵਰਾਂ ਨੂੰ ਸਰਦਾਰ ਚੁਣਨ ਦੀ ਲੋੜ ਕਿਉਂ ਪਈ ?

A. ਆਦਮੀ ਸਰਦਾਰ ਬਣਨਾ ਚਾਹੁੰਦਾ ਸੀ
B. ਆਦਮੀ ਅਤੇ ਪੰਛੀਆਂ ਦੀ ਲੜਾਈ ਹੋਣ ਕਾਰਨ
C. ਆਦਮੀ ਅਤੇ ਜਾਨਵਰਾਂ ਦੀ ਲੜਾਈ ਹੋਣ ਕਾਰਨ
D. ਜਾਨਵਰਾਂ ਅਤੇ ਪੰਛੀਆਂ ਦੀ ਲੜਾਈ ਹੋਣ ਕਾਰਨ

13. ਸਾਰਿਆਂ ਨੇ ਕਿਸ ਨੂੰ ਸਰਦਾਰ ਚੁਣਨ ਦੀ ਸਹਿਮਤੀ ਦਿੱਤੀ ?

A. ਸ਼ੇਰ ਨੂੰ
B. ਘੋੜੇ ਨੂੰ
C. ਆਦਮੀ ਨੂੰ
D. ਬਗਿਆੜ ਨੂੰ

14. ਆਦਮੀ ਨੇ ਘੋੜੇ ਨਾਲ ਜਾਣ ਤੋਂ ਕਿਉਂ ਇਨਕਾਰ ਕੀਤਾ ?

A. ਉਹ ਪੰਛੀਆਂ ਤੋਂ ਡਰਦਾ ਸੀ।
B. ਉਹ ਜਾਨਵਰਾਂ ਤੋਂ ਡਰਦਾ ਸੀ।
C. ਉਹ ਇੰਨੀ ਦੂਰ ਤੱਕ ਤੁਰ ਨਹੀਂ ਸਕਦਾ ਸੀ।
D. ਉਸਦੀ ਸਰਦਾਰ ਬਣਨ ਦੀ ਇੱਛਾ ਨਹੀਂ ਸੀ।

15. ਆਦਮੀ ਨੂੰ ਘੋੜੇ ਦੀ ਸਵਾਰੀ ਕਿਵੇਂ ਲੱਗੀ ?

A. ਬਹੁਤ ਚੰਗੀ
B. ਬਹੁਤ ਔਖੀ
C. ਬਹੁਤ ਡਰਾਉਣੀ
D. ਜ਼ਰ੍ਹਾ ਵੀ ਚੰਗੀ ਨਹੀਂ

**OVER**

**THIS PAGE INTENTIONALLY BLANK**

**INSTRUCTIONS:** Answer question 2 in **English**. Your answers must be based on the passage on page 4. Complete sentences are not required.

2. a) Why were the animals unwilling to bring a human to the jungle? **(1 mark)**

______________________________________________

______________________________________________

b) Why did the horse agree to bring a human to the jungle? **(1 mark)**

______________________________________________

______________________________________________

c) What two things did the horse say to convince the man to come with him? **(2 marks)**

______________________________________________

______________________________________________

d) How did the man demonstrate his intelligence? **(1 mark)**

______________________________________________

______________________________________________

**OVER**

## SECTION 4: FICTION (DRAMA)

**Value: 10 marks** **Suggested Time: 15 minutes**

**INSTRUCTIONS:** Read the following drama carefully. For questions 16 to 20, select the **best** answer and record your choice on the Response Form provided.

### ਚੱਲ ਕਸਰਤ ਕਰੀਏ

ਜੂਲੀਆ : ਕੀ ਹਾਲ ਹੈ ਰੂਬੀ ?

ਰੂਬੀ : ਚੰਗਾ ਹੈ ।

ਜੂਲੀਆ : ਆਜਾ ਆਈਸ ਕਰੀਮ ਖਾਈਏ ।

ਰੂਬੀ : ਨਹੀਂ, ਮੈਂ ਅੱਜ-ਕੱਲ੍ਹ ਆਪਣਾ ਭਾਰ ਘਟਾ ਰਹੀ ਹਾਂ । ਬਹੁਤ ਵੱਧ ਗਿਆ ਹੈ । ਪਤਾ ਨਹੀਂ ਕਿਉਂ ?

ਜੂਲੀਆ : ਹਾਂ, ਕਾਰਲੀ ਦੇ ਜਨਮ ਤੋਂ ਬਾਅਦ ਮੇਰਾ ਵੀ ਭਾਰ ਘਟਿਆ ਹੀ ਨਹੀਂ । ਮੈਂ ਬਹੁਤ ਕੋਸ਼ਿਸ ਕੀਤੀ ਸੀ । ਬਹੁਤ ਸਾਰੀਆਂ ਵਿਸ਼ੇਸ਼ ਖੁਰਾਕਾਂ (diets) ਵਰਤੀਆਂ ।

ਰੂਬੀ : ਪਰ ਹੁਣ ਤਾਂ ਤੇਰਾ ਭਾਰ ਠੀਕ ਲਗਦਾ ਹੈ ।

ਜੂਲੀਆ : ਹਾਂ-ਹਾਂ, ਕਰ ਲੈ ਮਜ਼ਾਕ ।

ਰੂਬੀ : ਨਹੀਂ, ਸੱਚੀਂ !

ਜੂਲੀਆ : ਵੈਸੇ ਮੈਂ ਅੱਜ-ਕੱਲ੍ਹ ਸਿਰਫ਼ ਕਸਰਤ (exercise) ਕਰਨ ਜਾਂਦੀ ਹਾਂ । ਮੈਂ ਕਸਰਤ-ਘਰ (gymnasium) ਜਾ ਕੇ ਹਰ ਰੋਜ਼ ਇੱਕ ਘੰਟਾ ਕਸਰਤ ਕਰਦੀ ਹਾਂ ।

ਰੂਬੀ : ਇਹ ਤਾਂ ਬਹੁਤ ਚੰਗਾ ਹੈ । ਕਿਹੜੇ ਕਸਰਤ-ਘਰ ਜਾਂਦੀ ਹੈਂ ?

ਜੂਲੀਆ : ਜਿਹੜਾ ਮਾਰਸ਼ਲ ਰੋਡ ਤੋਂ ਖੱਬੇ ਮੁੜ ਕੇ ਮਾਨਸਾ ਰੋਡ ਤੇ ਹੈ । ਇਹ ਸਿਰਫ਼ ਔਰਤਾਂ ਵਾਸਤੇ ਹੀ ਹੈ । ਇਹ ਇੱਕ ਮਹੀਨੇ ਦੇ ਤੀਹ ਡਾਲਰ ਮੈਂਬਰਸ਼ਿਪ ਲਈ ਲੈਂਦੇ ਹਨ ।

ਰੂਬੀ : ਇਹਨਾਂ ਕੋਲ ਕਸਰਤ ਕਰਨ ਦੇ ਕਿਹੜੇ ਸਾਧਨ ਹਨ ?

ਜੂਲੀਆ : ਅੰਦਰ ਬਹੁਤ ਕੁੱਝ ਹੈ । ਭਾਰ ਚੁਕਣ ਵਾਲੀਆਂ ਮਸ਼ੀਨਾਂ, ਤੁਰਨ ਵਾਲੀਆਂ ਮਸ਼ੀਨਾਂ, ਕਸਰਤ ਕਰਨ ਵਾਲੇ ਸਾਈਕਲ (bikes) ਅਤੇ ਹੋਰ ਵੀ ਕਈ ਚੀਜ਼ਾਂ ਹਨ । ਇਸ ਤੋਂ ਇਲਾਵਾ ਇੱਥੇ ਦੀ ਮੈਂਬਰਸ਼ਿਪ ਨਾਲ ਹੋਰ ਵੀ ਕਈ ਫ਼ਾਇਦੇ ਹਨ ।

ਰੂਬੀ : ਜਿਵੇਂ ?

ਜੂਲੀਆ : ਜਿਵੇਂ, ਮੈਂ ਮੈਂਬਰਸ਼ਿਪ ਕਾਰਡ ਦਿਖਾ ਕੇ ਇੱਥੇ ਅੰਦਰ ਖੁੱਲ੍ਹੀ ਦੁਕਾਨ ਤੋਂ ਕੋਈ ਵੀ ਚੀਜ਼ ਦਸ ਪ੍ਰਤੀਸ਼ਤ ਛੋਟ (discount) ਤੇ ਖਰੀਦ ਸਕਦੀ ਹਾਂ । ਫ਼ੇਰ ਇੱਥੇ ਟਰੇਨਿੰਗ ਦੇਣ ਵਾਲੇ ਟਰੇਂਨਰਜ਼ ਮੁਫ਼ਤ ਸਲਾਹ ਦਿੰਦੇ ਹਨ । ਕੁੱਝ ਵੀ ਪੁੱਛਣਾ ਹੋਵੇ ਤੁਹਾਡੀ ਮਦਦ ਕਰਦੇ ਹਨ । ਪਾਰਕਿੰਗ ਤਾਂ ਮੁਫ਼ਤ ਹੈ ਹੀ ।

ਰੂਬੀ : ਲਗਦਾ ਹੈ ਤੂੰ ਕਾਫ਼ੀ ਖੁਸ਼ ਹੈਂ ਇਸ ਕਸਰਤ-ਘਰ ਤੋਂ ?

ਜੂਲੀਆ : ਹਾਂ । ਹੋਰ ਵੀ ਬਹੁਤ ਕੁੜੀਆਂ ਹਨ ਜਿਹੜੀਆਂ ਹੁਣ ਮੇਰੀਆਂ ਸਹੇਲੀਆਂ ਬਣ ਗਈਆਂ ਹਨ । ਘਰ ਬੈਠੇ ਬੋਰ ਨਹੀਂ ਹੋਣਾ ਪੈਂਦਾ ਹੁਣ । ਤੂੰ ਚੱਲੀਂ ਮੇਰੇ ਨਾਲ ਕਦੀ । ਜੇ ਤੈਨੂੰ ਚੰਗਾ ਲੱਗਾ ਤਾਂ ਤੂੰ ਵੀ ਮੈਂਬਰ ਬਣ ਜਾਵੀਂ ।

ਰੂਬੀ : ਮੇਰੇ ਕੋਲੋਂ ਕਿੱਥੇ ਜਾ ਹੋਣਾ ਹੈ ? ਮੇਰਾ ਬੇਟਾ ਅਜੇ ਛੋਟਾ ਹੈ ਤੇ ਇਹ ਕਿਸੇ ਕੋਲ ਰਹਿੰਦਾ ਨਹੀਂ । ਫ਼ੇਰ ਇਸਨੂੰ ਛੱਡ ਕੇ ਕਿੱਥੇ ਆ ਹੋਣਾ ਹੈ ?

ਜੂਲੀਆ : ਇਸਦਾ ਹੱਲ ਹੈ ਮੇਰੇ ਕੋਲ । ਤੂੰ ਆਪਣੇ ਬੇਟੇ ਨੂੰ ਮੇਰੀ ਕਾਰਲੀ ਨਾਲ ਸਾਡੇ ਬੇਬੇ ਜੀ ਕੋਲ ਛੱਡ ਜਾਵੀਂ । ਉਹ ਬਹੁਤ ਖੁਸ਼ ਹੋਣਗੇ । ਉਹਨਾਂ ਨੂੰ ਬੱਚਿਆਂ ਨਾਲ ਖੇਡਣਾਂ ਬਹੁਤ ਚੰਗਾ ਲਗਦਾ ਹੈ ।

ਰੂਬੀ : ਹਾਂ ਫ਼ੇਰ ਵੀ ਉਹਨਾਂ ਨੂੰ ਔਖਾ ਤਾਂ ਨਹੀਂ ਲੱਗੇਗਾ ?

ਜੂਲੀਆ : ਨਹੀਂ, ਉਹ ਮੈਨੂੰ ਕਹਿੰਦੇ ਹੁੰਦੇ ਹਨ ਕਿ ਕਾਰਲੀ ਨਾਲ ਖੇਡਣ ਲਈ ਕੋਈ ਬੱਚਾ ਹੋਵੇ ਤਾਂ ਚੰਗਾ ਹੈ ।

ਰੂਬੀ : ਚੱਲ੍ਹ ਮੈਂ ਇੱਕ ਦਿਨ ਉਹਨਾਂ ਕੋਲ ਆਪਣੇ ਮਾਈਕਲ ਨੂੰ ਛੱਡ ਕੇ ਤੇਰੇ ਨਾਲ ਕਲੱਬ ਦੇਖ ਕੇ ਆਵਾਂਗੀ । ਜੇ ਮੈਨੂੰ ਠੀਕ ਲੱਗਾ ਤਾਂ ਫ਼ੇਰ ਆਪਾਂ ਕੋਈ ਪ੍ਰਬੰਧ ਕਰ ਲਵਾਂਗੇ । ਜੇ ਤੂੰ ਕਿਸੇ ਵਕਤ ਕਾਰਲੀ ਨੂੰ ਛੱਡ ਕੇ ਜਾਣਾ ਹੋਵੇ ਤਾਂ ਮੇਰੇ ਕੋਲ ਛੱਡ ਕੇ ਜਾ ਸਕਦੀ ਹੈਂ । ਇਸ ਤਰਾਂ ਮਿਲ-ਜੁਲ ਕੇ ਕੰਮ ਹੋ ਜਾਵੇਗਾ ।

ਜੂਲੀਆ : ਚੰਗਾ, ਫਿਰ ਕੱਲ ਚਾਰ ਵਜੇ ਬੇਬੇ ਜੀ ਦੇ ਘਰ ਮਿਲਾਂਗੀਆਂ ।

16. ਰੂਬੀ ਆਈਸ-ਕਰੀਮ ਕਿਉਂ ਨਹੀਂ ਖਾਣਾ ਚਾਹੁੰਦੀ ?

A. ਉਸਨੂੰ ਠੰਡ ਲੱਗ ਰਹੀ ਹੈ ।
B. ਉਹ ਭਾਰ ਘਟਾਉਣਾ ਚਾਹੁੰਦੀ ਹੈ ।
C. ਉਸਨੂੰ ਆਈਸ-ਕਰੀਮ ਤੋਂ ਅਲਰਜੀ ਹੈ ।
D. ਉਸਨੂੰ ਆਈਸ-ਕਰੀਮ ਚੰਗੀ ਨਹੀਂ ਲਗਦੀ ।

17. ਜੂਲੀਆ ਭਾਰ ਤੇ ਕਾਬੂ ਪਾਉਣ ਲਈ ਹੁਣ ਕੀ ਕਰਦੀ ਹੈ ?

A. ਕਸਰਤ ਕਰਦੀ ਹੈ ।
B. ਆਈਸ-ਕਰੀਮ ਖਾਂਦੀ ਹੈ ।
C. ਦੁਪਹਿਰ ਦਾ ਭੋਜਨ ਨਹੀਂ ਖਾਂਦੀ ।
D. ਭਾਰ ਘਟਾਉਣ ਵਾਲੀ ਦਵਾਈ ਖਾਂਦੀ ਹੈ ।

18. ਰੂਬੀ ਨੂੰ ਕਸਰਤ-ਘਰ ਜਾਣ ਲਈ ਕੀ ਔਖਿਆਈ ਆਉਂਦੀ ਹੈ ?

A. ਉਸਨੂੰ ਡਰ ਲਗਦਾ ਹੈ ।
B. ਉਸ ਕੋਲ ਕਾਰ ਨਹੀਂ ਹੈ ।
C. ਉਸਦਾ ਘਰ ਬਹੁਤ ਦੂਰ ਹੈ ।
D. ਉਸਨੂੰ ਬੇਬੀ-ਸਿੱਟਰ ਦੀ ਲੋੜ ਹੈ ।

19. ਕਸਰਤ-ਘਰ ਕਿੱਥੇ ਹੈ ?

A. ਸਰੀ ਵਿੱਚ
B. ਮਾਨਸਾ ਰੋਡ ਤੇ
C. ਵੈਨਕੂਵਰ ਵਿੱਚ
D. ਮਾਰਸ਼ਲ ਰੋਡ ਤੇ

20. ਜੂਲੀਆ ਆਪਣੀ ਬੱਚੀ ਕਿਸ ਕੋਲ ਛੱਡ ਕੇ ਜਾਂਦੀ ਹੈ ?

A. ਰੂਬੀ ਕੋਲ
B. ਆਪਣੇ ਬੇਬੇ ਜੀ ਕੋਲ
C. ਆਪਣੀ ਚਾਚੀ ਜੀ ਕੋਲ
D. ਆਪਣੀ ਤਾਈ ਜੀ ਕੋਲ

**OVER**

**THIS PAGE INTENTIONALLY BLANK**

| | |
|---|---|
| **INSTRUCTIONS:** | Answer question 3 in **Punjabi**. Your answers must be based on the drama on page 8. Complete sentences are not required. |

3. a) ਇਸ ਕਸਰਤ-ਘਰ ਦੀ ਮੈਂਬਰਸ਼ਿਪ ਕਿੰਨੀ ਹੈ ? **(1 mark)**

b) ਇਸ ਕਸਰਤ-ਘਰ ਵਿੱਚ ਕਸਰਤ ਕਰਨ ਦੇ ਕੋਈ ਦੋ ਸਾਧਨ ਲਿਖੋ ? **(1 mark)**

c) ਇਸ ਕਸਰਤ-ਘਰ ਵਿੱਚ ਕਸਰਤ ਕਰਨ ਦੇ ਕੋਈ ਦੋ ਲਾਭ ਲਿਖੋ ? **(2 marks)**

d) ਜੂਲੀਆ ਨੇ ਰੂਬੀ ਦੀ ਔਖਿਆਈ ਦਾ ਕੀ ਹੱਲ ਸੋਚਿਆ ? **(1 mark)**

**OVER**

**PART C: INFORMATIONAL COMMUNICATION**
**SECTION 5: NON-FICTION (JOURNALISTIC PROSE)**

**Value: 10 marks** **Suggested Time: 20 minutes**

**INSTRUCTIONS:** Read the following article carefully. For questions 21 to 25, select the **best** answer and record your choice on the Response Form provided.

# ਅੱਜ ਦੀਆਂ ਤਾਜ਼ੀਆਂ ਖ਼ਬਰਾਂ

ਹੁਣ ਸੁਣੋ ਰੇਡੀਓ ਪੰਜਾਬ ਤੋਂ ਅੱਜ ਦੀਆਂ ਖ਼ਬਰਾਂ। ਖ਼ਬਰਾਂ ਤੁਹਾਡੇ ਤੱਕ ਪਹੁੰਚਾ ਰਹੀ ਹੈ ਆਸ਼ਾ ਕੌਰ :

**1**

ਕੱਲ੍ਹ ਮੁੰਬਈ ਵਿੱਚ ਕਰਵਾਏ ਗਏ ਖਾਣਾ ਬਣਾਉਣ ਦੇ ਮੁਕਾਬਲੇ ਵਿੱਚ ਰਸੋਈਏ (cook) ਸੁਰੇਸ਼ ਕੁਮਾਰ ਸ਼ੁਕਲਾ ਨੇ ਦੁਨੀਆ ਦੀ ਸਭ ਤੋਂ ਵੱਡੀ ਪੂਰੀ ਬਣਾਈ। ਸ਼ੁਕਲਾ ਇਸ ਮੁਕਾਬਲੇ ਵਿੱਚ ਜੇਤੂ ਰਿਹਾ। ਉਸਨੇ 5 ਕਿੱਲੋ ਕਣਕ ਦੇ ਆਟੇ ਤੋਂ ਸਵਾ ਚਾਰ ਫ਼ੁੱਟ ਵਿਆਸ (diameter) ਵਾਲੀ ਪੂਰੀ ਤਿਆਰ ਕੀਤੀ। ਇਹ ਪੂਰੀ ਇਸ ਮੌਕੇ ਲਈ ਖ਼ਾਸ ਤੌਰ ਤੇ ਬਣਾਈ ਗਈ ਕੜਾਹੀ ਵਿੱਚ ਤਲੀ ਗਈ। ਇਸ ਨੂੰ ਤਲਣ ਲਈ ਛੇ ਸੌ ਲੀਟਰ ਤੇਲ ਦੀ ਲੋੜ ਪਈ। ਮੁਕਾਬਲੇ ਦਾ ਆਯੋਜਨ (sponsorship) ਤੇਲ ਦੀਆਂ ਕੰਪਨੀਆਂ 'ਸਵੀਕਾਰ' ਅਤੇ 'ਨਿਰਲੇਪ' ਨੇ ਕੀਤਾ ਸੀ।

**2**

ਕੱਲ੍ਹ ਸ਼ਾਮ ਦੀ ਲਾਟਰੀ ਵਿੱਚੋਂ ਕੱਢੇ ਗਏ ਨੰਬਰਾਂ ਵਿੱਚੋਂ ਪਹਿਲੇ ਨੰਬਰ ਦੀ ਟਿਕਟ ਸੀ ਇੱਕ ਰੈਸਟੋਰੈਂਟ ਦੇ ਮਾਲਕ ਪਰਸਰਾਮ ਦੀ। ਪਰਸਰਾਮ ਦੀ ਇਸ ਚੰਗੀ ਕਿਸਮਤ ਦੀ ਖ਼ਬਰ ਦੂਰ-ਦੂਰ ਤੱਕ ਫ਼ੈਲ ਰਹੀ ਹੈ। ਉਸਨੇ ਆਪਣੀ ਸੁਰੱਖਿਆ (safety) ਦਾ ਧਿਆਨ ਰੱਖਦਿਆਂ ਹੋਇਆਂ ਰੈਸਟੋਰੈਂਟ ਬੰਦ ਕਰਨ ਦਾ ਫ਼ੈਸਲਾ ਕਰ ਲਿਆ ਹੈ। ਇਹ ਲਾਟਰੀ 125 ਕਰੋੜ ਰੁਪਏ ਦੀ ਸੀ। ਉਸਨੇ ਫ਼ੈਸਲਾ ਕੀਤਾ ਹੈ ਕਿ ਉਹ ਦੇਵ ਨਗਰ ਛੱਡ ਕੇ ਕਿਸੇ ਹੋਰ ਸ਼ਹਿਰ ਵਿੱਚ ਪਰਿਵਾਰ ਨਾਲ ਗੁਪਤਚਰ (anonymous) ਜੀਵਨ ਬਤੀਤ ਕਰਦਾ ਹੋਇਆ ਵੀ ਲੋੜਵੰਦਾਂ ਦੀ ਮਦਦ ਕਰਦਾ ਰਹੇਗਾ। ਉਸਦੇ ਮਿੱਤਰਾਂ ਨੂੰ ਯਕੀਨ ਹੈ ਕਿ ਉਹ ਲੋੜਵੰਦਾਂ ਦਾ ਹਮੇਸ਼ਾਂ ਮਦਦਗਾਰ ਰਹੇਗਾ ਕਿਉਂਕਿ ਦੇਵ ਨਗਰ ਵਿੱਚ ਵੀ ਉਹ ਆਪਣੇ ਰੈਸਟੋਰੈਂਟ ਵਿਚੋਂ ਕਈ ਭੁੱਖਿਆਂ ਨੂੰ ਮੁਫ਼ਤ ਭੋਜਨ ਰੋਜ਼ਾਨਾ ਖਵਾਇਆ ਕਰਦਾ ਸੀ। ਉਹ ਕੰਮ ਕਰਨ ਵਾਲਿਆਂ ਦਾ ਹਮੇਸ਼ਾਂ ਖਿਆਲ ਰੱਖਦਾ ਸੀ ਅਤੇ ਉਹਨਾਂ ਦੇ ਦੁੱਖ-ਸੁੱਖ ਵਿੱਚ ਭਾਈਵਾਲ ਬਣਦਾ ਸੀ।

21. ਖਾਣੇ ਬਣਾਉਣ ਦੇ ਮੁਕਾਬਲੇ ਵਿੱਚ ਇਨਾਮ ਕਿਸ ਨੂੰ ਮਿਲਿਆ ?

A. ਮੁੰਬਈ ਨੂੰ
B. ਪਰਸਰਾਮ ਨੂੰ
C. ਕਰੋੜਪਤੀ ਨੂੰ
D. ਸੁਰੇਸ਼ ਕੁਮਾਰ ਨੂੰ

22. ਸੁਰੇਸ਼ ਕੁਮਾਰ ਦੀ ਬਣਾਈ ਪੂਰੀ ਲਈ ਕਿੰਨੇ ਤੇਲ ਦੀ ਜ਼ਰੂਰਤ ਪਈ ?

A. ਇੱਕ ਸੌ ਲੀਟਰ ਤੇਲ
B. ਦੋ ਸੌ ਲੀਟਰ ਤੇਲ
C. ਪੰਜ ਸੌ ਲੀਟਰ ਤੇਲ
D. ਛੇ ਸੌ ਲੀਟਰ ਤੇਲ

23. ਇਸ ਮੁਕਾਬਲੇ ਦਾ ਆਯੋਜਨ ਕਿਸ ਵਲੋਂ ਕੀਤਾ ਗਿਆ ?

A. ਮੁੰਬਈ ਸ਼ਹਿਰ ਵਲੋਂ
B. ਤੇਲ ਕੰਪਨੀਆਂ ਵਲੋਂ
C. ਆਟੇ ਦੀਆਂ ਕੰਪਨੀਆਂ ਵਲੋਂ
D. ਕੜਾਹੀ ਬਣਾਉਣ ਵਾਲਿਆਂ ਵਲੋਂ

24. ਪਰਸਰਾਮ ਕਿਉਂ ਮਸ਼ਹੂਰ ਹੋ ਗਿਆ ?

A. ਰੈਸਟੋਰੈਂਟ ਚੰਗਾ ਚੱਲ ਪੈਣ ਨਾਲ
B. ਕਰੋੜਾਂ ਦੀ ਲਾਟਰੀ ਜਿੱਤਣ ਕਰਕੇ
C. ਗੁਪਤ ਜੀਵਨ ਬਤੀਤ ਕਰਨ ਕਰਕੇ
D. ਸਭ ਤੋਂ ਵੱਡੀ ਪੂਰੀ ਬਣਾਉਣ ਕਰਕੇ

25. ਪਰਸਰਾਮ ਕਿੱਥੇ ਰਹਿੰਦਾ ਹੈ ?

A. ਮੁੰਬਈ
B. ਦੇਵ ਨਗਰ
C. ਨਵੀਂ ਦਿੱਲੀ
D. ਸੁਰੇਸ਼ ਕੁਮਾਰ ਨਾਲ

**OVER**

**THIS PAGE INTENTIONALLY BLANK**

**INSTRUCTIONS:** Answer question 4 in **Punjabi**. Your answers must be based on the article on page 12. Complete sentences are not required.

4. a) ਰਸੋਈਏ ਨੇ ਪੂਰੀ ਕਿੰਨੀ ਵੱਡੀ ਬਣਾਈ ? **(1 mark)**

b) ਉਹਨਾਂ ਤੇਲ ਕੰਪਨੀਆਂ ਦੇ ਨਾਂ ਦੱਸੋ ਜਿਹਨਾਂ ਨੇ ਰਸੋਈਆਂ ਦਾ ਮੁਕਾਬਲਾ ਕਰਵਾਇਆ ? **(1 mark)**

c) ਪਰਸਰਾਮ ਰੈਸਟੋਰੈਂਟ ਕਿਉਂ ਬੰਦ ਕਰ ਰਿਹਾ ਹੈ ? **(1 mark)**

d) ਪਰਸਰਾਮ ਦਾ ਰੈਸਟੋਰੈਂਟ ਕਿੱਥੇ ਸੀ ? **(1 mark)**

e) ਉਸਦੇ ਦੋਸਤਾਂ ਨੂੰ ਕਿਉਂ ਯਕੀਨ ਹੈ ਕਿ ਉਹ ਦੇਵ ਨਗਰ ਛੱਡਕੇ ਵੀ ਲੋਕਾਂ ਦੀ ਮਦਦ ਕਰਦਾ ਰਹੇਗਾ ? ਕੋਈ ਇੱਕ ਕਾਰਨ ਦੱਸੋ । **(1 mark)**

OVER

## SECTION 6: NON-FICTION (AUTHENTIC DOCUMENT)

**Value: 10 marks** | **Suggested Time: 20 minutes**

**INSTRUCTIONS:** Read the following information carefully. For questions 26 to 30, select the **best** answer and record your choice on the Response Form provided.

# ਨਵੇਂ ਸਾਲ ਦੀ ਭਾਰੀ ਸੇਲ



**ਪ੍ਰਾਈਮੱਸ ਐੱਸ. ਪੀ . ਸਿਲਾਈ ਮਸ਼ੀਨ**

900 ਮਾਰਕ 2000 ਮਾਡਲ
90 ਕਢਾਈ ਦੇ ਡਿਜ਼ਾਈਨ
ਪਾਵਰ ਸਪਲਾਈ ਹੱਥ ਜਾਂ ਪੈਰ ਦੀ
ਸੱਤ ਰੰਗਾਂ ਵਿੱਚ ਉਪਲਬਧ (available)
ਪੰਜ ਸਾਲ ਦੀ ਵਰੰਟੀ
$ 2000 ਦੀ ਮਸ਼ੀਨ ਹੁਣ $ 1200 ਦੀ
40 % ਦੀ ਕਟੌਤੀ

**ਪ੍ਰਾਈਮੱਸ ਐੱਲ.ਸਿਲਾਈ ਮਸ਼ੀਨ**

700 ਮਾਰਕ 1996 ਮਾਡਲ
25 ਕਢਾਈ ਦੇ ਡਿਜ਼ਾਈਨ
ਪਾਵਰ ਸਪਲਾਈ ਦੀ ਤਾਰ ਪੈਰ ਦੀ
ਤਿੰਨ ਰੰਗਾਂ ਵਿੱਚ ਉਪਲਬਧ
ਇੱਕ ਸਾਲ ਦੀ ਵਰੰਟੀ
$ 900 ਦੀ ਮਸ਼ੀਨ ਹੁਣ $ 500 ਦੀ
45 % ਦੀ ਕਟੌਤੀ



ਸਾਡੇ ਕੋਲ ਹੋਰ ਵੀ ਕਈ ਬਰੈਂਡ ਨੇਮ ਦੀਆਂ ਘਰੇਲੂ ਮਸ਼ੀਨਾਂ ਹਨ ।
ਅਸੀਂ ਇੰਡਸਟ੍ਰੀਅਲ ਮਸ਼ੀਨਾਂ ਵੀ ਵੇਚਦੇ ਹਾਂ ।
ਚਾਲੀ ਕਿਲੋਮੀਟਰ ਤੱਕ ਡਲਿਵਰੀ ਮੁਫ਼ਤ ਹੈ ।

**ਹੋਰ ਜਾਣਕਾਰੀ ਲਈ ਫ਼ੋਨ ਕਰੋ :**
ਪ੍ਰੇਮ ਸਿੰਘ ਪੰਕਜ ਜਾਂ ਮਹਿਮੂਦ ਅਜ਼ੀਜ਼
604-556-1234

**ਪਰੇਮ ਸਿਲਾਈ ਮਸ਼ੀਨ ਸਪਲਾਈ ਕੰਪਨੀ**
2570 – 161 ਐਵੀਨਿਯੂ, ਮੈਡੀਸਨ ਪਲਾਜ਼ਾ
ਚੈਟਵਿਕ, ਬੀ ਸੀ, ਕਨੇਡਾ V5P 6L5

26. ਹੇਠ ਲਿਖਿਆਂ ਵਿੱਚੋਂ ਪ੍ਰਾਈਮੱਸ ਐੱਲ. ਮਸ਼ੀਨ ਦਾ ਮਾਡਲ ਕਿਹੜੇ ਸਾਲ ਦਾ ਹੈ ?

A. 1996 ਦਾ ਮਾਡਲ
B. 2000 ਦਾ ਮਾਡਲ
C. 700 ਮਾਰਕ ਦਾ ਮਾਡਲ
D. 900 ਮਾਰਕ ਦਾ ਮਾਡਲ

27. ਰੰਗਾਂ ਦੀ ਚੋਣ ਕਿਹੜੀ ਮਸ਼ੀਨ ਵਿੱਚ ਵੱਧ ਹੈ ?

A. ਘਰੇਲੂ ਮਸ਼ੀਨ ਵਿੱਚ
B. ਪ੍ਰਾਈਮੱਸ ਐੱਲ. ਵਿੱਚ
C. ਪ੍ਰਾਈਮੱਸ ਐੱਸ. ਪੀ. ਵਿੱਚ
D. ਇੰਡਸਟ੍ਰੀਅਲ ਮਸ਼ੀਨ ਵਿੱਚ

28. ਪ੍ਰਾਈਮੱਸ ਐੱਸ. ਪੀ. ਦੀ ਮਸ਼ੀਨ ਨਾਲ ਕਿੰਨੀ ਦੇਰ ਦੀ ਵਰੰਟੀ ਮਿਲਦੀ ਹੈ ?

A. ਇੱਕ ਸਾਲ ਦੀ
B. ਪੰਜ ਸਾਲ ਦੀ
C. ਪੱਚੀ ਸਾਲ ਦੀ
D. ਨੱਬੇ ਸਾਲ ਦੀ

29. ਕਿਹੜੀ ਮਸ਼ੀਨ ਵਿੱਚ ਸਭ ਤੋਂ ਜ਼ਿਆਦਾ ਕਟੌਤੀ ਦਿੱਤੀ ਜਾ ਰਹੀ ਹੈ ?

A. ਘਰੇਲੂ ਮਸ਼ੀਨ
B. ਪ੍ਰਾਈਮੱਸ ਐੱਲ.
C. ਪ੍ਰਾਈਮੱਸ ਐੱਲ. ਪੀ.
D. ਇੰਡਸਟ੍ਰੀਅਲ ਮਸ਼ੀਨ

30. ਮਸ਼ੀਨ ਦੀ ਡਲਿਵਰੀ ਤੁਹਾਨੂੰ ਮੁਫ਼ਤ ਮਿਲ ਸਕਦੀ ਹੈ ਜੇ ਤੁਸੀਂ ਦੁਕਾਨ ਤੋਂ …

A. ਨੱਬੇ ਕਿਲੋਮੀਟਰ ਦੀ ਦੂਰੀ ਤੇ ਰਹਿੰਦੇ ਹੋ
B. ਸੱਤਰ ਕਿਲੋਮੀਟਰ ਦੀ ਦੂਰੀ ਤੇ ਰਹਿੰਦੇ ਹੋ
C. ਚਾਲੀ ਕਿਲੋਮੀਟਰ ਤੋਂ ਵੱਧ ਦੀ ਦੂਰੀ ਤੇ ਰਹਿੰਦੇ ਹੋ
D. ਚਾਲੀ ਕਿਲੋਮੀਟਰ ਤੋਂ ਘੱਟ ਦੀ ਦੂਰੀ ਤੇ ਰਹਿੰਦੇ ਹੋ

**OVER**

**INSTRUCTIONS:** Answer question 5 in **English**. Your answers must be based on the information on page 16. Complete sentences are not required.

5. a) For what special occasion has this sale been organized? **(1 mark)**

   b) How many different types of embroidery stitches does Primus S.P. have? **(1 mark)**

   c) Other than embroidery, give two additional benefits of choosing the Primus S. P. over the Primus L. **(2 marks)**

   d) How many people can be contacted to get more information? **(1 mark)**

## PART D: INTERPERSONAL COMMUNICATION – WRITTEN EXPRESSION

## SECTION 7: DIALOGUE COMPLETION

**Value: 10 marks** **Suggested Time: 10 minutes**

**INSTRUCTIONS:** Using approximately 60 words, complete the following dialogue in **Punjabi**. Avoid repetition and lists. Marks will be awarded for content and for grammatical correctness.

6. ਕਿਰਨ : ਰਾਣੀ ਤੂੰ ਗਿਆਰਵੀਂ ਵਿੱਚ ਦੂਸਰੀ ਭਾਸ਼ਾ ਕਿਹੜੀ ਰੱਖੀ ਹੈ ? **(10 marks)**

ਰਾਣੀ : ਮੈਂ ਪੰਜਾਬੀ ਲੈ ਰਹੀ ਹਾਂ ।

ਕਿਰਨ : ਤੂੰ ਪੰਜਾਬੀ ਕਿਉਂ ਰੱਖੀ ਹੈ ?

ਰਾਣੀ : ______________________________

______________________________

ਕਿਰਨ : ______________________________

______________________________

ਰਾਣੀ : ______________________________

______________________________

ਕਿਰਨ : ______________________________

______________________________

ਰਾਣੀ : ______________________________

______________________________

**OVER**

## SECTION 8: LETTER

**Value: 10 marks** **Suggested Time: 10 minutes**

**INSTRUCTIONS:** Write a short letter in **Punjabi**, using approximately 60 words, on the topic given below. Avoid repetition and lists. Marks will be awarded for content and for grammatical correctness.

7. Imagine you are Raman. Write a letter thanking your grandmother and/or grandfather for buying you a new computer for your birthday. **(10 marks)**

**Note:** The letter should include appropriate salutation and closing phrases.
Students must avoid identifying themselves, their schools, or school districts.

## SECTION 9: MAP DIRECTIONS

**Value: 10 marks** **Suggested Time: 10 minutes**

| | |
|---|---|
| **INSTRUCTIONS:** | In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness. |

8. You want to go from the Air Canada counter to gate 18. Describe the route you will take and the landmarks you will pass. **(10 marks)**




______________________________________________

______________________________________________

______________________________________________

______________________________________________

______________________________________________

______________________________________________

______________________________________________

**END OF EXAMINATION**

**THIS PAGE INTENTIONALLY BLANK**